Alberta

ਪ੍ਰੈਸ ਰਿਲੀਜ਼

# ਸੰਮਿਲਤ ਕਮਿਊਨਿਟੀਆਂ ਦਾ ਨਿਰਮਾਣ ਕਰਨਾਂ ਅਤੇ ਨਸਲਵਾਦ ਨਾਲ ਨਿਪਟਣਾ

17 ਮਾਰਚ, 2023

## ਐਲਬਰਟਾ ਸਰਕਾਰ ਨਸਲਵਾਦ ਦਾ ਮੁਕਾਬਲਾ ਕਰਨ ਅਤੇ ਬਹੁ-ਸੱਭਿਆਚਾਰਵਾਦ ਨੂੰ ਉਤਸ਼ਾਹਤ ਕਰਨ ਵਿੱਚ ਮਦਦ ਕਰਨ ਲਈ ਗਰਾਂਟ ਪ੍ਰੋਗਰਾਮਾਂ ਵਿੱਚ 9.5 ਮਿਲੀਅਨ ਡਾਲਰ ਦਾ ਨਿਵੇਸ਼ ਕਰ ਰਹੀ ਹੈ।

ਸਰਕਾਰ ਨਸਲਵਾਦ ਨਾਲ ਨਿਪਟਣ ਅਤੇ ਸੰਮਿਲਤ ਕਮਿਊਨਿਟੀਆਂ ਦਾ ਨਿਰਮਾਣ ਕਰਨ ਲਈ ਸਮਰਪਤਿ ਹੈ। ਅਜਿਹਾ ਕਰਨ ਲਈ, ਵਪਾਰ, ਪ੍ਰਵਾਸ ਅਤੇ ਬਹੁ-ਸੱਭਿਆਚਾਰਵਾਦ ਮੰਤਰਾਲਾ ਸੂਬੇ ਦੀ ਸਿਵਲ ਸੁਸਾਇਟੀ ਵਿਚਲੇ ਉਹਨਾਂ ਭਾਈਵਾਲਾਂ ਨਾਲ ਕੰਮ ਕਰ ਰਿਹਾ ਹੈ ਜੋ ਐਲਬਰਟਾ ਦੀਆਂ ਬਹੁ-ਸੱਭਿਆਚਾਰਕ ਕਮਿਊਨਿਟੀਆਂ ਦੀ ਸਹਾਇਤਾ ਕਰਨ ਅਤੇ ਇਹਨਾਂ ਨੂੰ ਉੱਪਰ ਚੁੱਕਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ।

ਬੱਜਟ 2023 ਐਥਨੋਕਲਚਰਲ ਗਰਾਂਟ ਪ੍ਰੋਗਰਾਮ ਵਾਸਤੇ ਤਿੰਨ ਸਾਲਾਂ ਦੌਰਾਨ 8 ਮਿਲੀਅਨ ਡਾਲਰ ਪ੍ਰਦਾਨ ਕਰੇਗਾ ਜੋ ਅੰਤਰ-ਸੱਭਿਆਚਾਰਕ ਸਮਝ ਅਤੇ ਬਹੁ-ਸੱਭਿਆਚਾਰਵਾਦ ਨੂੰ ਉਤਸ਼ਾਹਤ ਕਰੇਗਾ। ਇਸ ਤੋਂ ਇਲਾਵਾ, ਐਲਬਰਟਾ ਸਰਕਾਰ ਮਲਟੀਕਲਚਰਲਿਜ਼ਮ ਐਂਡ ਐਂਟੀ-ਰੇਸਿਜ਼ਮ ਗਰਾਂਟ ਪ੍ਰੋਗਰਾਮ (MARG) ਦੀ ਸਹਾਇਤਾ ਕਰਨ ਲਈ ਤਿੰਨ ਸਾਲਾਂ ਦੌਰਾਨ 1.5 ਮਿਲੀਅਨ ਡਾਲਰ ਮੁਹੱਈਆ ਕਰੇਗੀ।

"ਇਹ ਅਹਿਮ ਹੈ ਕਿ ਅਸੀਂ ਉਹਨਾਂ ਕੋਸ਼ਿਸ਼ਾਂ ਦੀ ਸਹਾਇਤਾ ਕਰਨਾ ਜਾਰੀ ਰੱਖੀਏ ਜੋ ਨਸਲਵਾਦ ਨਾਲ ਨਿਪਟਣ ਅਤੇ ਅੰਤਰ-ਸੱਭਿਆਚਾਰਕ ਸਮਝ ਬਣਾਉਣ ਵਿੱਚ ਮਦਦ ਕਰਦੀਆਂ ਹਨ। ਬੱਜਟ 2023 ਬਹੁ-ਸੱਭਿਆਚਾਰਕ ਅਤੇ ਨਸਲਵਾਦ-ਵਿਰੋਧੀ ਪਹਿਲਕਦਮੀਆਂ ਦੀ ਸਹਾਇਤਾ ਕਰਨ ਲਈ ਫ਼ੰਡਿੰਗ ਪ੍ਰਦਾਨ ਕਰੇਗਾ। ਐਲਬਰਟਾ ਸਰਕਾਰ ਹਰ ਕਿਸੇ ਵਾਸਤੇ ਵਧੇਰੇ ਸੁਰੱਖਿਅਤ ਕਮਿਊਨਿਟੀਆਂ ਬਣਾਉਣ ਲਈ ਨਵੇਂ ਤਰੀਕੇ ਲੱਭਣਾ ਜਾਰੀ ਰੱਖੇਗੀ।"

*Rajan Sawhney, ਮਿਨਿਸਟਰ ਆਫ ਟਰੇਡ, ਇੰਮੀਗ੍ਰੇਸ਼ਨ ਐਂਡ ਮਲਟੀਕਲਚਰਲਿਜ਼ਮ*

ਬਹੁ-ਸੱਭਿਆਚਾਰਵਾਦ ਅਤੇ ਨਸਲਵਾਦ-ਵਿਰੋਧੀ ਗਰਾਂਟਾਂ ਐਲਬਰਟਾ ਦੀਆਂ ਨਾਨ-ਪ੍ਰਾਫਿਟ ਸੰਸਥਾਵਾਂ ਨੂੰ ਨਸਲਵਾਦ-ਵਿਰੋਧੀ ਪਹਿਲਕਦਮੀਆਂ ਅਤੇ ਉਹਨਾਂ ਪ੍ਰਾਜੈਕਟਾਂ ਵਾਸਤੇ ਦਿੱਤੀਆਂ ਜਾਂਦੀਆਂ ਹਨ ਜੋ ਸੰਮਿਲਨ ਅਤੇ ਆਪਸੀ ਸਤਿਕਾਰ ਨੂੰ ਉਤਸ਼ਾਹਤ ਕਰਦੇ ਹਨ। ਗਰਾਂਟਾਂ ਸੱਭਿਆਚਾਰਕ ਸਮਾਗਮਾਂ, ਤਿਉਹਾਰਾਂ, ਵਰਕਸ਼ਾਪਾਂ ਅਤੇ ਸਿਖਲਾਈ ਦੀ ਸਹਾਇਤਾ ਲਈ ਵਰਤੀਆਂ ਜਾ ਸਕਦੀਆਂ ਹਨ। ਕੋਈ ਵੀ ਨਾਨ-ਪ੍ਰਾਫਿਟ ਸੰਸਥਾ ਜੋ ਆਪਣੇ ਸੱਭਿਆਚਾਰ ਬਾਰੇ ਵਧੇਰੇ ਪੜ੍ਹਾਉਣਾ ਚਾਹੁੰਦੀ ਹੋਵੇ, ਉਸਨੂੰ ਅਰਜ਼ੀ ਦੇਣ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਮੂਲਵਾਸੀ, ਇਨਿਊਟ ਅਤੇ ਮੈਟਿਸ, ਬਹੁ-ਸੱਭਿਆਚਾਰਕ ਅਤੇ ਧਰਮ-ਆਧਾਰਿਤ ਗਰੁੱਪ 30,000 ਡਾਲਰ ਤੱਕ ਪ੍ਰਾਪਤ ਕਰਨ ਲਈ ਯੋਗ ਹਨ।

ਨਵੀਆਂ ਐਥਨੋਕਲਚਰਲ ਗਰਾਂਟਾਂ ਕਈ ਸਾਰੇ ਬਹੁ-ਸੱਭਿਆਚਾਰਕ ਗਰੁੱਪਾਂ ਨੂੰ ਫ਼ੰਡ ਸਹਾਇਤਾ ਪ੍ਰਦਾਨ ਕਰਨਗੀਆਂ। ਇਹ ਗਰਾਂਟਾਂ ਅੰਤਰ-ਸੱਭਿਆਚਾਰਕ ਅਤੇ ਅੰਤਰ-ਧਾਰਮਿਕ ਸਬੰਧਾਂ ਦੀ ਸਹਾਇਤਾ ਕਰਨਗੀਆਂ, ਜੋ ਐਥਨੋਕਲਚਰਲ ਗਰੁੱਪਾਂ ਦੀ ਨਸਲਵਾਦ ਨੂੰ ਖਤਮ ਕਰਨ ਵਿੱਚ ਮਦਦ ਕਰਨਗੀਆਂ ਅਤੇ ਐਲਬਰਟਾ ਵਾਸੀਆਂ ਨੂੰ ਮੂਲਵਾਸੀ ਸੱਭਿਆਚਾਰ ਨਾਲ ਸ਼ਾਮਲ ਹੋਣ ਅਤੇ ਉਸਦੇ ਜ਼ਸ਼ਨ ਮਨਾਉਣ ਦੇ ਮੌਕੇ ਪ੍ਰਦਾਨ ਕਰਨਗੀਆਂ।

MARG ਅਤੇ ਨਵਾਂ ਐਥਨੋਕਲਚਰਲ ਗਰਾਂਟ ਪ੍ਰੋਗਰਾਮ ਐਲਬਰਟਾ ਦੀ ਐਂਟੀ-ਰੇਸਿਜ਼ਮ ਐਕਸ਼ਨ ਪਲੈਨ ਸਮੇਤ ਮੌਜੂਦਾ ਸਰਕਾਰੀ ਪਹਿਲਕਦਮੀਆਂ ਦੀ ਸੰਪੂਰਤੀ ਕਰਦੇ ਹਨ।

ਬੱਜਟ 2023 ਲੋਕਾਂ ਦੀਆਂ ਲੋੜਾਂ ਨੂੰ ਪੂਰੀਆਂ ਕਰਨ ਲਈ ਸਿਹਤ-ਸੰਭਾਲ ਪ੍ਰਬੰਧ ਵਿੱਚ ਪ੍ਰੀਵਰਤਨ ਲਿਆਉਣ, ਐਬਲਰਟਾ ਨਿਵਾਸੀਆਂ ਦੀ ਰਹਿਣ-ਸਹਿਣ ਦੇ ਉੱਚ ਖਰਚਿਆਂ 'ਚ ਸਹਾਇਤਾ ਕਰਨ, ਆਪਣੀਆਂ ਕਮਿਊਨਿਟੀਆਂ ਨੂੰ ਸੁਰੱਖਿਅਤ ਕਰਨ, ਅਤੇ ਵਧੇਰੇ ਨੌਕਰੀਆਂ, ਮਿਆਰੀ ਸਿੱਖਿਆ ਅਤੇ ਨਿਰੰਤਰ ਵਿਭਿੰਨਤਾ ਨਾਲ ਆਰਥਕਿਤਾ ‘ਚ ਵਾਧਾ ਲਿਆਉਣ ਦੁਆਰਾ ਐਲਬਰਟਾ ਦੇ ਭਵਿੱਖ ਨੂੰ ਸੁਰੱਖਿਅਤ ਕਰਦਾ ਹੈ।

## ਸਬੰਧਿਤ ਜਾਣਕਾਰੀ

- ਮਲਟੀਕਲਚਰਲ ਐਂਡ ਐਂਟੀ-ਰੇਸਿਜ਼ਮ ਗਰਾਂਟ
- ਐਲਬਰਟਾ ਦੀ ਐਂਟੀ-ਰੇਸਿਜ਼ਮ ਐਕਸ਼ਨ ਪਲੈਨ

## ਮਲਟੀਮੀਡਿਆ

- ਨਿਊਜ਼ ਕਾਨਫਰੰਸ ਦੇਖੋ

## ਮੀਡੀਆ ਪੁੱਛਗਿੱਛ

Classification: Public

**Garrett Koehler**

780-554-5777
ਪ੍ਰੈੱਸ ਸੈਕਟਰੀ, ਟਰੇਡ, ਇੰਮੀਗ੍ਰੇਸ਼ਨ ਐਂਡ ਮਲਟੀਕਲਚਰਲਿਜ਼ਮ

Classification: Public